नामांक Roll No.

| | | | | | | |
|---|---|---|---|---|---|---|
| | | | | | | |

Question Booklet No.

No. of Questions – 20

No. of Printed Pages – 7

**S-75-Punjabi (T.L.)**

# माध्यमिक पूरक परीक्षा, 2026

# SECONDARY SUPPLEMENTARY EXAMINATION, 2026

# ਪੰਜਾਬੀ

## PUNJABI
## (THIRD LANGUAGE)

**Time : 3 Hours 15 Minutes**
**Maximum Marks : 80**

**ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ :**

1) ਪ੍ਰੀਖਿਆਰਥੀ ਸਭ ਤੋਂ ਪਹਿਲਾਂ ਆਪਣੇ ਪ੍ਰਸ਼ਨ-ਪੱਤਰ ’ਤੇ ਆਪਣਾ ਰੋਲ ਨੰਬਰ ਜ਼ਰੂਰ ਲਿਖਣ ।

2) ਸਾਰੇ ਪ੍ਰਸ਼ਨ ਹੱਲ ਕਰਨੇ ਜ਼ਰੂਰੀ ਹਨ । ਸਾਰੇ ਪ੍ਰਸ਼ਨਾਂ ਦੇ ਅੰਕ ਸਾਹਮਣੇ ਅੰਕਤ ਹਨ । ਪ੍ਰਸ਼ਨ ਨੰਬਰ 14 ਤੋਂ 20 ਤੱਕ ਆਂਤਰਿਕ ਵਿਕੱਲਪ ਹਨ ।

3) ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ-ਪੁਸਤਿਕਾ ’ਤੇ ਹੀ ਲਿਖੋ । ਜਿਨ੍ਹਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਬਰਾਬਰ ਅੰਕ ਵਾਲੇ ਭਾਗ ਹਨ, ਉਨ੍ਹਾਂ ਸਾਰਿਆਂ ਭਾਗਾਂ ਦਾ ਹੱਲ ਇੱਕ ਥਾਂ ’ਤੇ ਇੱਕ ਹੀ ਤਰਤੀਬ ਵਿੱਚ ਲਿਖੋ ।

## ਖੰਡ - ੳ

1. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪ ਦੀ ਚੋਣ ਕਰੋ :- [18×1=18]

I) 'ਖੁਰਾਸਾਨ ਖਸਮਾਨਾ ਕੀਆ' ਸ਼ਬਦ ਕਿਸ ਗੁਰੂ ਸਾਹਿਬ ਜੀ ਦੀ ਰਚਨਾ ਹੈ ? [1]

ੳ) ਗੁਰੂ ਅਰਜਨ ਦੇਵ ਜੀ
ਅ) ਗੁਰੂ ਰਾਮਦਾਸ ਜੀ
ੲ) ਗੁਰੂ ਅਮਰਦਾਸ ਜੀ
ਸ) ਗੁਰੂ ਨਾਨਕ ਦੇਵ ਜੀ

II) 'ਕੰਤਾ ਨਾਲ ਮਹੇਲੀਆ ਸੇਤੀ ਅਗਿ ਜਲਾਹਿ ॥' [1]
ਉਪਰੋਕਤ ਸਤਰ ਵਿੱਚ ਆਏ ਸ਼ਬਦ 'ਮਹੇਲੀਆ' ਦਾ ਸਹੀ ਅਰਥ ਹੈ :

ੳ) ਇਸਤਰੀਆਂ
ਅ) ਸਹੇਲੀਆਂ
ੲ) ਸਤੀਆਂ
ਸ) ਜੀਵ-ਆਤਮਾ

III) 'ਵਿਸਾਖੀ ਦਾ ਮੇਲਾ' ਕਵਿਤਾ ਅਨੁਸਾਰ ਮੇਲੇ ਵਿੱਚ ਤਮਾਸ਼ੇ ਕਿੰਨਾਂ ਨੇ ਲਾਏ ਹੋਏ ਸਨ ? [1]

ੳ) ਬੁੱਢੇ ਤੇ ਗੱਭਰੂਆਂ ਨੇ
ਅ) ਹਲਵਾਈਆਂ ਨੇ
ੲ) ਜੋਗੀਆਂ ਤੇ ਮਦਾਰੀਆਂ ਨੇ
ਸ) ਵਣਜਾਰਿਆਂ ਨੇ

IV) 'ਕਲਯੁਗ ਹੈ ਰੱਥ ਅਗਨ ਦਾ', ਤੂੰ ਆਪ ਆਖਿਆ । [1]
ਇਹ ਸਤਰ ਕਿਹੜੀ ਕਵਿਤਾ ਵਿੱਚੋਂ ਲਈ ਗਈ ਹੈ ?

ੳ) ਦੁਰਯੋਧਨ ਵੱਡਾ ਹੰਕਾਰੀ
ਅ) ਰਾਵਣ ਵੱਡਾ ਹੰਕਾਰੀ
ੲ) ਧ੍ਰੂ ਹਸਦਾ ਘਰਿ ਆਇਆ
ਸ) ਗੁਰੂ ਨਾਨਕ ਨੂੰ

V) ਭਾਈ ਵੀਰ ਸਿੰਘ ਦੀ ਰਚਨਾ ਹੈ : [1]

ੳ) ਤਮਗ਼ੇ
ਅ) ਸੁੰਨੇ ਸੁੰਨੇ ਰਾਹਾਂ ਵਿੱਚ
ੲ) ਮੇਰੀ ਜਿੰਦੇ !
ਸ) ਮਾਂ

VI) 'ਮਹਾਰਾਜਾ ਗੰਗਾ ਸਿੰਘ' ਨਿਬੰਧ ਦੇ ਨਿਬੰਧਕਾਰ ਹਨ : [1]

ੳ) ਹਰਪਾਲ ਸਿੰਘ ਲੱਖੀਆਂ
ਅ) ਹਰਪ੍ਰੀਤ ਕੌਰ
ੲ) ਪ੍ਰਿੰ. ਸਰਵਣ ਸਿੰਘ
ਸ) ਸੰਤ ਸਿੰਘ ਸੇਖੋਂ

VII) 'ਰਾਵ ਯੋਧਾ ਜੀ' ਨੇ ਕਿਹੜੇ ਕਿਲ੍ਹੇ ਦਾ ਨਿਰਮਾਣ ਕਰਵਾਇਆ ਸੀ ? [1]

ੳ) ਮਹਿਰਾਣਗੜ੍ਹ
ਅ) ਨਾਹਰਗੜ੍ਹ
ੲ) ਕੁੰਭਲਗੜ੍ਹ
ਸ) ਤਾਰਾਗੜ੍ਹ

VIII) 'ਇੱਕੁ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ ।' [1]
ਇਹ ਸਤਰ ਕਿਸ ਮਹਾਨ ਲਿਖਾਰੀ ਦੀ ਹੈ ?

ੳ) ਪ੍ਰੋ. ਸਾਹਿਬ ਸਿੰਘ ਦੀ
ਅ) ਭਾਈ ਕਾਨ੍ਹ ਸਿੰਘ ਨਾਭਾ ਦੀ
ੲ) ਸੰਤ ਮਸਕੀਨ ਜੀ ਦੀ
ਸ) ਭਾਈ ਗੁਰਦਾਸ ਜੀ ਦੀ

IX) 'ਦੁੱਧ ਦਾ ਛੱਪੜ' ਕਹਾਣੀ ਦੇ ਕਹਾਣੀਕਾਰ ਦਾ ਨਾਂ ਦੱਸੋ : [1]

ੳ) ਸੰਤੋਖ ਸਿੰਘ ਧੀਰ ਅ) ਸੰਤ ਸਿੰਘ ਸੇਖੋਂ

ੲ) ਕੁਲਵੰਤ ਸਿੰਘ ਵਿਰਕ ਸ) ਨਾਨਕ ਸਿੰਘ

X) 'ਗੁਰਬਖ਼ਸ਼ ਸਿੰਘ ਪ੍ਰੀਤਲੜੀ' ਦੀ ਕਹਾਣੀ ਹੈ : [1]

ੳ) ਸਾਂਝੀ ਕੰਧ ਅ) ਖ਼ੂਨ ੲ) ਪ੍ਰੇਮੀ ਦੇ ਨਿਆਣੇ ਸ) ਪਹੁਤਾ ਪਾਂਧੀ

XI) 'ਦਿਆਲ' ਕਿਸ ਕਹਾਣੀ ਦਾ ਪਾਤਰ ਹੈ : [1]

ੳ) ਦੁੱਧ ਦਾ ਛੱਪੜ ਅ) ਖ਼ੂਨ ੲ) ਸਾਂਝੀ ਕੰਧ ਸ) ਹਨੇਰਾ ਚੰਨ

XII) " ਹੁਣ ਗਿਣ ਕੇ ਲਈਂ ਤੂੰ ਹਰਜਾਨਾ ਮੇਰੇ ਕੋਲੋਂ ਹਵੇਲੀ ਦਾ, ਚੱਲ ਮੈਂ ਢਾਹੁਣਾ ਕੰਧ, ਆ ਹਟਾ ਤੂੰ ਮੈਨੂੰ ....... ।" [1]

ਇਹ ਕਥਨ ਕਿਹੜਾ ਪਾਤਰ ਬੋਲਦਾ ਹੈ ?

ੳ) ਕਰਤਾਰਾ ਅ) ਦਰਬਾਰਾ ੲ) ਲਾਲ ਸ) ਕਪੂਰ ਸਿੰਘ

XIII) " ਆਪਣੇ ਮੂਹਰੇ ਤਾਂ ਬਾਈ ਇੱਕ ਵੇਲੇ ਵਗਦੇ ਦਰਿਆਵਾਂ ਦਾ ਪਾਣੀ ਅਟਕ ਜਾਂਦੇ ਐ ! " [1]

ਇਹ ਕਥਨ ਕਿਹੜੀ ਕਹਾਣੀ ਵਿੱਚੋਂ ਹੈ ?

ੳ) ਖ਼ੂਨ ਅ) ਸਾਂਝੀ ਕੰਧ ੲ) ਹਵਾ ਸ) ਦੁੱਧ ਦਾ ਛੱਪੜ

XIV) 'ਦੁਆਬੀ' ਉਪਬੋਲੀ ਦਾ ਪ੍ਰਮੁੱਖ ਜ਼ਿਲ੍ਹਾ ਹੈ : [1]

ੳ) ਲੁਧਿਆਣਾ ਅ) ਬਠਿੰਡਾ ੲ) ਤਰਨਤਾਰਨ ਸ) ਜਲੰਧਰ

XV) ਦਬਾਅ ਜਾਂ ਬਲ ਦਾ ਲਿਪੀ-ਚਿੰਨ੍ਹ ਕਿਹੜਾ ਹੈ ? [1]

ੳ) ਬਿੰਦੀ ਅ) ਟਿੱਪੀ ੲ) ਅਧਕ ਸ) ਸਿਹਾਰੀ

XVI) 'ਅੰਞਾਣਾ' ਸ਼ਬਦ ਦਾ ਸਮਾਨਾਰਥਕ ਸ਼ਬਦ ਚੁਣੋ : [1]

ੳ) ਸਿਆਣਾ ਅ) ਗੱਭਰੂ ੲ) ਨਿਆਣਾ ਸ) ਸੂਝਵਾਨ

XVII) 'ਉੱਦਮ' ਸ਼ਬਦ ਦਾ ਵਿਰੋਧੀ ਸ਼ਬਦ ਹੈ : [1]

ੳ) ਜਤਨ ਅ) ਉਪਰਾਲਾ ੲ) ਕੋਸ਼ਿਸ਼ ਸ) ਆਲਸ

XVIII) ਸਿਆਣਿਆਂ ਨੇ ਕਿਹਾ ਹੈ – " ਇਹ ਜੱਗ ਮਿੱਠਾ, ਅਗਲਾ ਕਿਨ ਡਿੱਠਾ ? " [1]

ਇੱਥੇ ਬਹੁਅਰਥਕ ਸ਼ਬਦ ਜੱਗ ਦਾ ਅਰਥ ਹੈ :

ੳ) ਬਰਤਨ ਅ) ਦਾਨ-ਪੁੰਨ ੲ) ਸੰਸਾਰ ਸ) ਕਿਸੇ ਮਨੁੱਖ ਦਾ ਨਾਂ

2. ਹੇਠ ਲਿਖੀਆਂ ਖ਼ਾਲੀ ਥਾਵਾਂ ਭਰੋ :- [6×1=6]

I) ਘਰ, ਅਮਨ, ਕਣਕ, ਮਟਰ ਸ਼ਬਦਾਂ ਵਿੱਚ __________ ਲਗ ਦਾ ਪ੍ਰਯੋਗ ਹੋਇਆ ਹੈ। [1]

II) ਗੁਰੂ ਤੇਗ ਬਹਾਦਰ ਜੀ ਨੇ ਧਰਮ ਦੀ ਖਾਤਰ ਆਪਣਾ ਸਿਰ ਵਾਰ ਦਿੱਤਾ। [1]
ਉਪਰੋਕਤ ਵਾਕ ਵਿੱਚ ਆਏ ਬਹੁਅਰਥਕ ਸ਼ਬਦ 'ਵਾਰ' ਦਾ ਅਰਥ ________ ਹੈ।

III) 'ਸੱਜਰਾ' ਸ਼ਬਦ ਦਾ ਵਿਰੋਧੀ ਸ਼ਬਦ ____________ ਹੈ। [1]

IV) ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੋਂ ___________। [1]

V) ਭਾਈ ਮਰਦਾਨਾ ਜੀ ਦਾ ਜਨਮ _________ ਈ. ਨੂੰ ਹੋਇਆ। [1]

VI) ਪਿਛਲੇ ਵਰ੍ਹੇ ਦੀਆਂ ਬਾਰਸ਼ਾਂ ਵਿੱਚ ___________ ਦਾ ਘਰ ਢਹਿ ਗਿਆ ਸੀ। [1]

3. ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :- [12×1=12]

I) ਫ਼ਰੀਦ ਜੀ ਰੱਬ ਦਾ ਵਾਸ ਕਿੱਥੇ ਦੱਸਦੇ ਹਨ ? [1]

II) ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨਾ ਹੋਈ ॥ [1]
ਉਪਰੋਕਤ ਤੁਕ ਵਿੱਚ ਆਏ 'ਸਕਤਾ' ਸ਼ਬਦ ਦਾ ਅਰਥ ਹੈ।

III) 'ਵਿਸਾਖੀ ਦਾ ਮੇਲਾ' ਕਵਿਤਾ ਵਿੱਚ ਕਿਹੜੇ-ਕਿਹੜੇ ਫਲਾਂ ਦਾ ਜਿਕਰ ਕੀਤਾ ਗਿਆ ਹੈ ? [1]

IV) ਪ੍ਰੋ. ਮੋਹਨ ਸਿੰਘ ਅਨੁਸਾਰ ਰੱਬ ਨੇ ਸਵਰਗ ਕਿਵੇਂ ਬਣਾਇਆ ਹੈ ? [1]

V) 'ਤੈਨੂੰ ਦਿਆਂ ਹੰਝੂਆਂ ਦਾ ਭਾੜਾ' ਕਵਿਤਾ ਵਿੱਚ ਸ਼ਿਵ ਕੁਮਾਰ ਬਟਾਲਵੀ ਭੱਠੀ ਵਾਲੀ ਨੂੰ ਕੀ ਭੁੰਨਣ ਲਈ ਕਹਿ ਰਿਹਾ ਹੈ ? [1]

VI) 'ਕਿਰਤ' ਨਿਬੰਧ ਦਾ ਲੇਖਕ ਕਿੰਨਾਂ-ਕਿੰਨਾਂ ਦੇ ਲੱਛਣ ਮਿਲਣ (ਇਕੋ ਜਿਹੇ) ਬਾਰੇ ਦੱਸਦਾ ਹੈ ? [1]

VII) ਸ਼ਿਕੰਜਵੀ ਵਾਲਾ ਪੈਸਿਆਂ ਦੀ ਚਿੰਤਾ ਕਿਉ ਕਰ ਰਿਹਾ ਸੀ ? [1]

VIII) 'ਪੇਮੀ ਦੇ ਨਿਆਣੇ' ਕਹਾਣੀ ਵਿੱਚ ਭੈ-ਸਾਗਰ ਕਿਸਨੂੰ ਕਿਹਾ ਗਿਆ ਹੈ ? [1]

IX) 'ਸਾਂਝੀ ਕੰਧ' ਕਹਾਣੀ ਦੇ ਪਾਤਰ ਪਟਵਾਰੀ, ਸਰਪੰਚ ਅਤੇ ਲੰਬੜਦਾਰ ਦੇ ਨਾਂ ਲਿਖੋ। [1]

X) ਲਿਪੀ ਕੀ ਹੁੰਦੀ ਹੈ ? [1]

XI) 'ਗੁਪਤ' ਸ਼ਬਦ ਦਾ ਵਿਰੋਧੀ ਸ਼ਬਦ ਹੈ : [1]

XII) 'ਹੁਸ਼ਿਆਰ' ਸ਼ਬਦ ਦੇ ਦੋ ਸਮਾਨਾਰਥਕ ਸ਼ਬਦ ਲਿਖੋ : [1]

## ਖੰਡ - ਅ

**(4-8) ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਨੂੰ ਹੱਲ ਕਰੋ :-** **[5 × 2 = 10]**

ਵਿਹਲੇ ਮਨ ਤੋਂ ਭਾਵ ਉਸ ਮਨੁੱਖ ਦੀ ਅੰਦਰਲੀ ਦਸ਼ਾ ਤੋਂ ਹੈ ਜੋ ਦਸਾਂ-ਨਹੁੰਆਂ ਦੀ ਕਿਰਤ ਵਿੱਚ ਨਹੀਂ ਰੁੱਝਿਆ ਹੋਇਆ ਜਾਂ ਉਸ ਦੀ ਸੋਚ ਕਿਰਤ ਵਾਲੇ ਪਾਸੇ ਨਹੀਂ ਲੱਗ ਰਹੀ ਜਾਂ ਉਸਦਾ ਮਨ ਅਜਿਹੀਆਂ ਸੋਚਾਂ ਵਿੱਚ ਘਿਰਿਆ ਰਹਿੰਦਾ ਹੈ ਜਿਹੜੀਆਂ ਗ਼ਲਤ ਹੋਣ, ਜਿਨ੍ਹਾਂ ਦੇ ਸਿੱਟੇ ਮਾੜੇ ਨਿਕਲਦੇ ਹੋਣ। ਗ਼ਲਤ ਸੋਚਣੀ ਹਮੇਸ਼ਾਂ ਨੁਕਸਾਨਦਾਇਕ ਹੁੰਦੀ ਹੈ ਤੇ ਮਨੁੱਖ ਨੂੰ ਢਹਿੰਦੀ ਕਲਾ ਵੱਲ ਲੈ ਕੇ ਜਾਣ ਵਾਲੀ ਹੁੰਦੀ ਹੈ। ਮਾੜੀ ਸੋਚ, ਮਾੜੇ ਕਾਰਨਾਮੇ ਹਰ ਇੱਕ ਲਈ ਦੁਖਦਾਈ ਹੁੰਦੇ ਹਨ। ਅਜਿਹਾ ਮਨੁੱਖ ਸਮਾਜ, ਪਰਿਵਾਰ ਸਾਰਿਆਂ ਲਈ ਸਿਰਦਰਦੀ ਦਾ ਕਾਰਨ ਬਣਿਆ ਰਹਿੰਦਾ ਹੈ। ਉਹ ਨਾ ਆਪ ਟਿਕ ਕੇ ਬੈਠਦਾ ਹੈ ਤੇ ਨਾ ਹੀ ਦੂਜਿਆਂ ਨੂੰ ਸ਼ਾਂਤੀ ਨਾਲ ਰਹਿਣ ਦਿੰਦਾ ਹੈ। ਉੱਦਮੀ ਮਨੁੱਖ ਵਿਹਲੇ ਮਨੁੱਖਾਂ ਦੀ ਉਪਮਾ ਨਹੀਂ ਕਰਦੇ। ਵਿਹਲਾ ਰਹਿਣਾ ਵੀ ਇੱਕ ਰੋਗ ਹੈ ਕਿਉਂਕਿ ਇਸ ਨਾਲ ਸਰੀਰਕ ਅਤੇ ਮਾਨਸਿਕ ਦੋਵੇਂ ਸਮਰੱਥਾਵਾਂ ਵਿਗੜ ਜਾਂਦੀਆਂ ਹਨ, ਵਿਅਕਤੀ ਆਲਸੀ ਹੋ ਜਾਂਦਾ ਹੈ, ਮਨ ਵਿੱਚ ਹਮੇਸ਼ਾਂ ਭੈੜੇ-ਭੈੜੇ ਖ਼ਿਆਲ ਆਉਂਦੇ ਹਨ, ਕੋਈ ਵੀ ਕੰਮ ਕਰਨ ਨੂੰ ਜੀਅ ਨਹੀਂ ਕਰਦਾ ਜਿਵੇਂ ਹੱਡਾ ਵਿੱਚ ਪਾਣੀ ਪੈ ਗਿਆ ਹੋਵੇ। ਮਨੁੱਖ ਕਈ ਤਰ੍ਹਾਂ ਦੀਆਂ ਸਰੀਰਕ ਤੇ ਮਾਨਸਿਕ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦਾ ਹੈ। ਇਸ ਲਈ ਇਨ੍ਹਾਂ ਤੋਂ ਛੁਟਕਾਰਾ ਪਾਉਣ ਲਈ ਵਿਹਲੇ ਮਨ ਨੂੰ ਕਿਸੇ ਉਸਾਰੂ ਕੰਮ 'ਤੇ ਲਾਇਆ ਜਾਣਾ ਚਾਹੀਦਾ ਹੈ। ਚੰਗੇ ਖ਼ਿਆਲ, ਚੰਗੇ ਲੋਕਾਂ ਦੀ ਸੰਗਤ, ਚੰਗੀਆਂ ਪੁਸਤਕਾਂ ਹਮੇਸ਼ਾਂ ਚੜ੍ਹਦੀ ਕਲਾ ਵਿੱਚ ਰਹਿਣ ਲਈ ਸਹਾਈ ਹੁੰਦੀਆਂ ਹਨ।

**4.** ਉਪਰੋਕਤ ਪੈਰ੍ਹੇ ਦਾ ਢੁਕਵਾਂ ਸਿਰਲੇਖ ਲਿਖੋ। **[2]**

**5.** ਗ਼ਲਤ ਸੋਚਣੀ ਤੋਂ ਕੀ ਭਾਵ ਹੈ? **[2]**

**6.** ਕਿਹੜੀਆਂ ਚੀਜ਼ਾਂ ਚੜ੍ਹਦੀ ਕਲਾ 'ਚ ਰਹਿਣ ਲਈ ਸਹਾਈ ਹੁੰਦੀਆਂ ਹਨ? **[2]**

**7.** ਸਰੀਰਕ ਤੇ ਮਾਨਸਿਕ ਸਮਰੱਥਾਵਾਂ ਕਿਸ ਕਾਰਨ ਵਿਗੜਦੀਆਂ ਹਨ? **[2]**

**8.** ਔਖੇ ਸ਼ਬਦਾਂ ਦੇ ਅਰਥ ਲਿਖੋ : **[2]**

ਸਿੱਟੇ, ਦਸ਼ਾ, ਉੱਦਮੀ, ਉਪਮਾ

(9-13) **ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :-** [5 × 2 = 10]

9. 'ਮਨ ਤੂੰ ਜੋਤਿ ਸਰੂਪ ਹੈ' ਸ਼ਬਦ ਦਾ ਕੇਂਦਰੀ ਭਾਵ ਲਿਖੋ। [2]

10. ਦਿਆਲ ਨੂੰ ਘਰ ਫਿਰਦਾ ਵੇਖ ਕੇ ਲਾਲ ਦੀ ਵਹੁਟੀ ਕੀ-ਕੀ ਸੋਚਾਂ ਸੋਚਦੀ ਸੀ ? [2]

11. ਮਿਲਖਾ ਸਿੰਘ ਦਾ ਬਚਪਨ ਕਿੱਥੇ ਬੀਤਿਆ ? [2]

12. ਮਾਝੀ ਉਪਭਾਸ਼ਾ ਕਿਹੜੇ-ਕਿਹੜੇ ਇਲਾਕਿਆਂ ਵਿੱਚ ਬੋਲੀ ਜਾਂਦੀ ਹੈ ? [2]

13. ਹੇਠ ਲਿਖੇ ਬਹੁਅਰਥਕ ਸ਼ਬਦਾਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋ ਕਿ ਦੋ-ਦੋ ਵੱਖਰੇ ਅਰਥ ਸਪਸ਼ੱਟ ਹੋ ਜਾਣ : [2]

ਆਕੜ, ਵੰਡ

## ਖੰਡ - ੲ

(14-17) **ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :-** [4 × 3 = 12]

14. 'ਲਾਵਾਂ (ਰਾਗ ਸੂਹੀ)' ਸ਼ਬਦ ਦਾ ਕੇਂਦਰੀ ਭਾਵ ਲਿਖੋ।

ਜਾਂ

'ਬਸ ਕਰ ਜੀ ਹੁਣ ਬਸ ਕਰ ਜੀ' ਕਾਫ਼ੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ। [3]

15. ਗੰਗ ਨਹਿਰ ਉੱਪਰ ਸੰਖੇਪ ਟਿੱਪਣੀ ਲਿਖੋ।

ਜਾਂ

ਭਾਈ ਮਰਦਾਨਾ ਜੀ ਦੇ ਪੁੱਤਰ ਨੂੰ ਗੁਰੂ ਜੀ ਨੇ ਕੀ ਅਸ਼ੀਰਵਾਦ ਦਿੱਤਾ ? [3]

16. ਰਣਥੰਭੋਰ ਕਿਲ੍ਹੇ ਉੱਪਰ ਟਿੱਪਣੀ ਲਿਖੋ।

ਜਾਂ

ਗੰਗਾਦੀਨ ਨਿਬੰਧ ਦਾ ਸੰਖੇਪ ਸਾਰ ਲਿਖੋ। [3]

17. 'ਸਾਂਝੀ ਕੰਧ' ਕਹਾਣੀ ਦਾ ਸੰਖੇਪ ਸਾਰ ਲਿਖੋ।

ਜਾਂ

'ਕਰਤਾਰੇ' ਜਾਂ 'ਮੇਜਰ ਸਾਹਿਬ' ਦੀ ਪਾਤਰ ਉਸਾਰੀ ਕਰੋ। [3]

## ਖੰਡ - ਸ

**(18-20) ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :-** **[3×4=12]**

**18.** ਵਹੁਟੀ ਮੇਰੀ ਸਜ ਵਿਹਾਈ, ਕਿੰਨਾ ਸਾਰਾ ਦਾਜ ਲਿਆਈ ।
ਵਿੱਚ ਲਿਆਈ ਚੀਰਾ ਮੇਰਾ, ਨਾਲੇ ਇੱਕ ਮਖੇਰਨਾ ਤੇਰਾ ।
ਇਹ ਮਖੇਰਨਾ ਭਾਗਾਂ ਭਰਿਆ, ਮੇਰੀ ਸੱਜ ਵਿਆਹੀ ਜੜ੍ਹਿਆ ।
ਫੁੰਮਣਾ ਅਤੇ ਜ਼ਜੀਰਾਂ ਨਾਲ, ਘੋਗਿਆਂ ਤੇ ਤਸਵੀਰਾਂ ਨਾਲ ।

I) ਉਪਰੋਕਤ ਕਾਵਿ-ਬੰਦ ਦਾ ਪ੍ਰਸੰਗ ਲਿਖੋ । **[1]**

II) ਉਪਰੋਕਤ ਕਾਵਿ-ਬੰਦ ਦੀ ਸਰਲ ਵਿਆਖਿਆ ਕਰੋ । **[1]**

III) ਕਾਵਿ-ਬੰਦ ਵਿੱਚ ਕਵੀ ਕਿਸ ਦੀ ਉਪਮਾ ਕਰ ਰਿਹਾ ਹੈ ? **[1]**

IV) ਔਖੇ ਸ਼ਬਦਾਂ ਦੇ ਅਰਥ ਲਿਖੋ : **[1]**
ਚੀਰਾ, ਤਸਵੀਰ, ਮਖੇਰਨਾ, ਭਾਗਾਂ ਭਰਿਆ

ਜਾਂ

ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥
ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ ॥
ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥

I) ਉਪਰੋਕਤ ਕਾਵਿ-ਬੰਦ ਦਾ ਪ੍ਰਸੰਗ ਲਿਖੋ । **[1]**

II) ਉਪਰੋਕਤ ਕਾਵਿ-ਬੰਦ ਦੀ ਸਰਲ ਵਿਆਖਿਆ ਕਰੋ । **[1]**

III) ਉਪਰੋਕਤ ਕਾਵਿ-ਬੰਦ ਵਿੱਚ ਕਵੀ ਜੀਵ ਨੂੰ ਕੀ ਸੰਦੇਸ਼ ਦੇਣਾ ਚਾਹੁੰਦਾ ਹੈ ? **[1]**

IV) ਔਖੇ ਸ਼ਬਦਾਂ ਦੇ ਅਰਥ ਲਿਖੋ : **[1]**
ਨੇਹੁ, ਮੇਹੁ, ਤੁਟੈ, ਤਿਨਾ

**19.** ਆਪਣੇ ਸਕੂਲ ਦੇ ਪ੍ਰਿੰਸੀਪਲ ਸਾਹਿਬ ਨੂੰ ਖੇਡਾਂ ਦਾ ਸਾਮਾਨ ਮੰਗਵਾਉਣ ਲਈ ਬੇਨਤੀ-ਪੱਤਰ ਲਿਖੋ । **[4]**

ਜਾਂ

ਪਿਤਾ ਜੀ ਤੋਂ ਪੈਸੇ ਮੰਗਵਉਣ ਲਈ ਪੱਤਰ ਲਿਖੋ ।

**20.** ਕਿਸੇ ਇੱਕ ਵਿਸ਼ੇ ਉੱਪਰ ਲੇਖ ਲਿਖੋ : **[4]**

ਅੱਖੀਂ ਡਿੱਠਾ ਮੇਲਾ

ਜਾਂ

ਕਿਸੇ ਇਤਿਹਾਸਕ ਸਥਾਨ ਦੀ ਯਾਤਰਾ

ਜਾਂ

ਰੁੱਖਾਂ ਦੇ ਲਾਭ

ਜਾਂ

ਮੇਰਾ ਮਨ ਭਾਉਂਦਾ ਕਵੀ

DO NOT WRITE ANYTHING HERE